# ਦਫਤਰ ਨਗਰ ਪੰਚਾਇਤ ਅਰਨੀਵਾਲਾ ਸ਼ੇਖਸੁਭਾਨ (ਜਿਲ੍ਹਾ ਫਾਜਿਲਕਾ)

## ਪਬਲਿਕ ਨੋਟਿਸ

ਨਗਰ ਪੰਚਾਇਤ ਅਰਨੀਵਾਲਾ ਸ਼ੇਖਸੁਭਾਨ ਵਲੋਂ ਸਰਕਾਰ ਵਲੋਂ ਸਮੇਂ-2 ਨਿਰਧਾਰਿਤ ਰੈਗੂਲਰ ਤਨਖਾਹ ਸਕੇਲ ਦੀਆਂ ਆਸਾਮੀਆਂ ਵਿਰੁੱਧ ਡਿਪਟੀ ਕਮਿਸ਼ਨਰ ਵਲੋਂ ਸਮੇਂ-2 ਨਿਰਧਾਰਿਤ ਲੇਬਰ ਰੇਟਾਂ ਦੀ ਅਦਾਇਗੀ ਤੇ ਠੇਕਾ ਆਧਾਰ ਤੇ 35 ਸਫਾਈ ਸੇਵਕਾਂ ਦੀ ਨਿਯੁਕਤੀ ਕੀਤੀ ਜਾਣੀ ਹੈ । ਇਸ ਲਈ ਪੰਜਾਬ ਦੇ ਵਸਨੀਕ ਚਾਹਵਾਨ ਉਮੀਦਵਾਰਾਂ ਤੋਂ ਮਿਤੀ 25-08-2021 ਤੱਕ ਹੇਠ ਲਿਖੇ ਪ੍ਰੋਫਾਰਮੇ ਵਿਚ ਬਿਨੈ ਪੱਤਰਾਂ (ਸਮੇਤ ਦਸਤਾਵੇਜ ਦੀਆਂ ਕਾਪੀਆਂ) ਦੀ ਮੰਗ ਕੀਤੀ ਜਾਂਦੀ ਹੈ ਚਾਹਵਾਨ ਉਮੀਦਵਾਰ ਮਿਤੀ 25-08-2021 ਸ਼ਾਮ 5 ਵਜੇ ਤੱਕ ਰਜਿਸਟਰਡ ਡਾਕ ਰਾਹੀਂ ਜਾਂ ਦਸਤੀ ਤੌਰ ਤੇ ਬਿਨੈ ਪੱਤਰ (ਸਮੇਤ ਦਸਤਾਵੇਜਾਂ ਦੀਆਂ ਕਾਪੀਆਂ) ਦਫਤਰ ਨਗਰ ਪੰਚਾਇਤ ਅਰਨੀਵਾਲਾ ਸ਼ੇਖਸੁਭਾਨ ਵਿਖੇ ਜਮ੍ਹਾਂ ਕਰਵਾ ਸਕਦੇ ਹਨ । ਨਿਰਧਾਰਿਤ ਮਿਤੀ ਤੋਂ ਬਾਅਦ ਪ੍ਰਾਪਤ ਹੋਏ ਬਿਨੈ ਪੱਤਰਾਂ ਤੇ ਗੌਰ ਨਹੀ ਕੀਤਾ ਜਾਵੇਗਾ । ਚਾਹਵਾਨ ਉਮੀਦਵਾਰ ਵਲੋਂ ਬਿਨੈ ਪੱਤਰ ਵਿਚ ਦਰਜ ਦਸਤਾਵੇਜਾਂ ਦੀਆਂ ਸਵੈ ਤਸਦੀਕ ਕਾਪੀਆਂ ਨਾਲ ਨੱਥੀ ਕੀਤੀਆ ਜਾਣ। ਇਸ ਤੋਂ ਇਲਾਵਾ ਚਾਹਵਾਨ ਉਮੀਦਵਾਰ ਵਿਰੁੱਧ ਕੋਈ ਵੀ ਫੌਜਦਾਰੀ ਕੇਸ ਨਾਂ ਚੱਲ ਰਹੇ ਹੋਣ ਸੰਬਧੀ ਸਵੈ ਘੋਸ਼ਣਾ ਵੀ ਨਾਲ ਨੱਥੀ ਕੀਤਾ ਜਾਵੇ ।

ਚਾਹਵਾਨ ਉਮੀਦਵਾਰ ਦੀ ਉਮਰ ਮਿਤੀ 01-01-2021 ਨੂੰ 18 ਸਾਲ ਤੋਂ 37 ਸਾਲ ਦੇ ਵਿਚਕਾਰ ਹੋਣੀ ਚਾਹੀਦੀ ਹੈ । ਇਨ੍ਹਾਂ ਨਿਯੁਕਤੀਆਂ ਵਿਚ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਰਿਜਰਵੇਸ਼ਨ ਪਾਲਿਸੀ ਲਾਗੂ ਕੀਤੀ ਜਾਵੇਗੀ ਅਤੇ ਉਮਰ ਵਿਚ ਬਣਦੀ ਛੋਟ ਦਿੱਤੀ ਜਾਵੇਗੀ । ਸਫਾਈ ਕਰਮਚਾਰੀਆਂ ਦੀ ਭਰਤੀ ਪੰਜਾਬ ਮਿਉਂਸਪਲ ਸਫਾਈ ਕਰਮਚਾਰੀ ਸੇਵਾ ਨਿਯਮ 1984 ਅਧੀਨ ਕੀਤੀ ਜਾਣੀ ਹੈ । ਸਰਕਾਰ ਦੀ ਹਦਾਇਤ ਅਨੁਸਾਰ ਸਫਾਈ ਸੇਵਕਾਂ ਦੀਆਂ ਨਿਯੁਕਤੀਆਂ ਲਈ ਸਥਾਨਕ ਸਰਕਾਰਾਂ ਵਿਭਾਗ ਵਿਚ ਘੱਟ ਤੋਂ ਘੱਟ 3 ਸਾਲ ਦੇ ਤਜਰਬੇ ਵਾਲੇ ਨੂੰ ਪਹਿਲ ਦਿੱਤੀ ਜਾਵੇਗੀ ਅਤੇ ਸਰਕਾਰ ਵੱਲੋਂ ਨਿਰਧਾਰਿਤ ਉਮਰ ਯੋਗ ਹੋਵੇਗੀ ਅਤੇ ਕਿਸੇ ਵੀ ਕਰਮਚਾਰੀ ਦਾ ਕੰਮ ਤਸੱਲੀ ਬਖਸ਼ ਨਾ ਹੋਣ ਦੀ ਸੂਰਤ ਵਿੱਚ ਨਗਰ ਪੰਚਾਇਤ ਪਾਸ ਸੇਵਾਵਾਂ ਸਮਾਪਤ ਕਰਨ ਦਾ ਅਧਿਕਾਰ ਹੋਵੇਗਾ।

ਨਗਰ ਪੰਚਾਇਤ ਅਰਨੀਵਾਲਾ ਸ਼ੇਖਸੁਭਾਨ ਵਲੋਂ ਨਿਯੁਕਤ ਕੀਤੇ ਜਾ ਰਹੇ ਸਫਾਈ ਸੇਵਕਾਂ ਤੋਂ ਸਫਾਈ ਦੇ ਕੰਮ, ਨਾਲੇ-ਨਾਲੀਆਂ ਦੀ ਸਫਾਈ, ਕੂੜਾ ਲਿਫਟਿੰਗ, ਸੋਲਿਡ ਵੇਸਟ ਦੇਖ ਭਾਲ ਦੇ ਕੰਮ ਅਤੇ ਸਵੱਛ ਭਾਰਤ ਸ਼ਿਮਨ ਦੇ ਕੰਮ ਅਤੇ ਮਾਲੀ/ਬੇਲਦਾਰ/ਕੁਲੀ ਦੇ ਕੰਮ ਤੋਂ ਇਲਾਵਾ ਨਗਰ ਪੰਚਾਇਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਲੋੜ ਪੈਣ ਤੇ ਕਿਸੇ ਵੀ ਜਗ੍ਹਾਂ ਤੇ ਕੋਈ ਹੋਰ ਕੰਮ ਵੀ ਕਰਵਾ ਸਕਦੀ ਹੈ।ਇਸ ਇਸਤਿਹਾਰ ਵਿੱਚ ਕੋਈ ਸੋਧ ਹੁੰਦੀ ਹੈ ਤਾਂ ਇਸ ਦੀ ਸੂਚਨਾ ਅਖਬਾਰ/ਵੈਬਸਾਈਟ (http://lgpunjab.gov.in) ਰਾਹੀਂ ਦਿੱਤੀ ਜਾਵੇਗੀ।

### ਕੰਨਟਰੈਕਟ ਬੇਸ ਤੇ ਸਫਾਈ ਸੇਵਕ/ਸੀਵਰਮੈਨ ਦੀ ਅਸਾਮੀ ਲਈ ਬਿਨੈ ਪੱਤਰ

ਫੋਟੋ

ਅਸਾਮੀ ਦਾ ਨਾਮ:-

| | | |
|---|---|---|
| 1 | ਉਮੀਦਵਾਰ ਦਾ ਨਾਮ | |
| 2 | ਪਤੀ/ਪਿਤਾ ਦਾ ਨਾਮ | |
| 3 | ਜਨਮ ਮਿਤੀ: (ਸਬੂਤ ਨਾਲ ਨੱਥੀ) | |
| 4 | ਉਮਰ | |
| 5 | ਜਨਮ ਦਾ ਸਥਾਨ (ਜਿਲਾ ਅਤੇ ਰਾਜ) | |
| 6 | ਘਰ ਦਾ ਪੱਕਾ ਪਤਾ | |
| 7 | ਪੱਤਰ ਵਿਹਾਰ ਲਈ ਪਤਾ | |
| 8 | ਟੈਲੀਫੋਨ ਨੰ:/ਮੋਬਾਇਲ ਨੰ: | |
| 9 | ਕੈਟਾਗਰੀ | |
| 10 | ਕੌਮੀਅਤ (Nationality) | |
| 11 | ਵਿਦਿਅਕ ਯੋਗਤਾ | |

| ਲੜੀ ਨੰ: | ਪਾਸ ਪ੍ਰੀਖਿਆ ਦਾ ਨਾਮ | ਬੋਰਡ/ ਯੂਨੀਵਰਸਿਟੀ | ਪ੍ਰੀਖਿਆ ਪਾਸ ਕਰਨ ਦਾ ਸਾਲ | ਕੁੱਲ ਅੰਕ | ਪ੍ਰਾਪਤ ਕੀਤੇ ਅੰਕ | ਪ੍ਰਾਪਤ ਕੀਤੇ ਅੰਕਾਂ ਦਾ ਪ੍ਰਤੀਸ਼ਤ (%) |
|---|---|---|---|---|---|---|
| | | | | | | |

12 ਕੀ ਪੰਜਾਬੀ ਪੜ ਲਿਖ ਸਕਦਾ ਹੈ? ਹਾਂ ਜਾਂ ਨਹੀਂ ( )

13 ੳ) ਤਜਰਬਾ (ਕਦੋਂ ਤੋ ਕਦੋ ਤੱਕ) ਸੰਸਥਾਂ ਦਾ ਨਾਂ:

(ਨੋਟ:- ਤਜਰਬਾ ਕਮਿਸ਼ਨਰ/ਕਾਰਜ ਸਾਧਕ ਅਫਸਰ/ਸੰਸਥਾਂ ਦੇ ਮੁੱਖੀ ਵੱਲੋ ਰਿਕਾਰਡ ਦੇ ਅਧਾਰ ਤੇ ਵੈਰੀਫਾਈ ਕੀਤਾ ਜਾਵੇਗਾ।

ਅ) ਈ.ਪੀ.ਐਫ ਨੰਬਰ (ਜੇਕਰ ਹੈ ਤਾਂ)

ੲ) ਸੈਲਰੀ ਅਕਾਉਂਟ ਨੰਬਰ (ਬੈਂਕ ਡਿਟੇਲ)

### ਸਵੈ-ਘੋਸ਼ਣਾ

ਮੈਂ .............. ਪੁੱਤਰ/ਪੁੱਤਰੀ ਸ਼੍ਰੀ ................. ਉਮਰ ......... ਘੋਸ਼ਣਾ ਕਰਦਾ/ਕਰਦੀ ਹਾਂ ਕਿ ਮੈਂ ਪੰਜਾਬ ਦਾ ਪੱਕਾ ਵਸਨੀਕ ਹਾਂ ਅਤੇ ਮੇਰੇ ਖਿਲਾਫ ਕੋਈ ਵੀ ਫੋਜਦਾਰੀ ਕੇਸ ਨਹੀ ਚੱਲ ਰਿਹਾ ਮੇਰੀ ਜਾਣਕਾਰੀ ਅਨੁਸਾਰ ਉੱਕਤ ਸੂਚਨਾ ਅਤੇ ਨੱਥੀ ਦਸਤਾਵੇਜ ਠੀਕ ਅਤੇ ਸਹੀ ਹਨ।ਇਨ੍ਹਾਂ ਵਿੱਚ ਮੈਂ ਕੋਈ ਤੱਥ ਲੁਕਾਇਆ ਨਹੀਂ ਹੈ।ਜੇਕਰ ਮੇਰੇ ਵੱਲੋਂ ਦਿੱਤੀ ਗਈ ਸੂਚਨਾ ਕਿਸੇ ਸਮੇਂ ਵੀ ਗਲਤ ਪਾਈ ਗਈ ਤਾਂ ਸਮਰੱਥ ਅਥਾਰਟੀ ਨੂੰ ਮੇਰੇ ਵਿਰੁੱਧ ਕਾਨੂੰਨ ਅਨੁਸਾਰ ਕਾਰਵਾਈ ਕਰਨ ਦੀ ਖੁੱਲ ਹੋਵੇਗੀ।

ਉਮੀਦਵਾਰ ਦੇ ਹਸ਼ਤਾਖਰ

ਮਿਤੀ:

ਸਥਾਨ:

ਨੱਥੀ ਦਸਤਾਵੇਜ:

ਸਹੀ/-
ਪ੍ਰਧਾਨ -ਕਮ-ਚੇਅਰਮੈਨ ਭਰਤੀ ਕਮੇਟੀ
ਨਗਰ ਪੰਚਾਇਤ ਅਰਨੀਵਾਲਾ ਸ਼ੇਖਸੁਭਾਨ

ਸਹੀ/-
ਕਾਰਜ ਸਾਧਕ ਅਫਸਰ- ਕਮ- ਮੈਂਬਰ ਸਕੱਤਰ ਭਰਤੀ ਕਮੇਟੀ
ਨਗਰ ਪੰਚਾਇਤ ਅਰਨੀਵਾਲਾ ਸ਼ੇਖਸੁਭਾਨ